# Exchange of list of prisoners between India and Pakistan

July 01, 2020

## ਭਾਰਤ ਅਤੇ ਪਾਕਿਸਤਾਨ ਨੇ ਕੀਤੀ ਕੈਦੀਆਂ ਦੀ ਸੂਚੀ ਦੀ ਅਦਲਾ ਬਦਲੀ

1 ਜੁਲਾਈ, 2020

ਭਾਰਤ ਅਤੇ ਪਾਕਿਸਤਾਨ ਨੇ ਅੱਜ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿੱਚ ਆਪੋ ਆਪਣੀ ਹਿਰਾਸਤ ਵਿੱਚ ਰੱਖੇ ਰਾਜਨੀਤਕ ਕੈਦੀਆਂ ਅਤੇ ਮਛੇਰਿਆਂ ਦੀ ਸੂਚੀ ਦੀ ਕੂਟਨੀਤਕ ਚੈਨਲਾਂ ਰਾਹੀਂ ਇਕੋ ਸਮੇਂ ਅਦਲਾ ਬਦਲੀ ਕੀਤੀ। ਇਹ ਅਦਲਾ ਬਦਲੀ 2008 ਵਿੱਚ ਹੋਏ ਸਮਝੌਤੇ ਦੇ ਮੁਤਾਬਿਕ ਕੀਤੀ ਗਈ, ਜਿਸ ਦੇ ਤਹਿਤ ਹਰ ਸਾਲ 1 ਜਨਵਰੀ ਅਤੇ 1 ਜੁਲਾਈ ਨੂੰ ਅਜਿਹੀਆਂ ਸੂਚੀਆਂ ਦੀ ਅਦਲਾ ਬਦਲੀ ਕੀਤੀ ਜਾਂਦੀ ਹੈ।

ਭਾਰਤ ਨੇ ਆਪਣੀ ਹਿਰਾਸਤ ਵਿਚ ਰੱਖੇ ਹੋਏ 265 ਪਾਕਿਸਤਾਨੀ ਨਾਗਰਿਕ ਕੈਦੀਆਂ ਅਤੇ 97 ਮਛੇਰਿਆਂ ਦੀ ਸੂਚੀ ਪਾਕਿਸਤਾਨ ਨੂੰ ਸੌਂਪੀ। ਇਸੇ ਤਰ੍ਹਾਂ ਪਾਕਿਸਤਾਨ ਨੇ ਆਪਣੀ ਹਿਰਾਸਤ ਵਿਚ ਰੱਖੇ ਹੋਏ 54 ਨਾਗਰਿਕ ਕੈਦੀਆਂ ਅਤੇ 270 ਮਛੇਰਿਆਂ ਦੀ ਸੂਚੀ ਸਾਂਝੀ ਕੀਤੀ, ਜੋ ਭਾਰਤੀ ਹਨ ਜਾਂ ਜਿਹਨਾਂ ਨੂੰ ਭਾਰਤੀ ਮੰਨਿਆ ਜਾਂਦਾ ਹੈ।

ਭਾਰਤ ਸਰਕਾਰ ਨੇ ਪਾਕਿਸਤਾਨ ਤੋਂ ਗ਼ੈਰ-ਫੌਜੀ ਕੈਦੀਆਂ, ਲਾਪਤਾ ਹੋਏ ਭਾਰਤੀ ਰੱਖਿਆ ਕਰਮੀਆਂ ਅਤੇ ਉਨ੍ਹਾਂ ਦੀਆਂ ਕਿਸ਼ਤੀਆਂ ਸਮੇਤ ਮਛੇਰਿਆਂ ਨੂੰ ਜਲਦੀ ਰਿਹਾ ਕਰਨ ਦੀ ਮੰਗ ਕੀਤੀ ਹੈ। ਇਸ ਪਿੱਠਭੂਮੀ ਵਿੱਚ ਪਾਕਿਸਤਾਨ ਨੂੰ 7 ਭਾਰਤੀ ਨਾਗਰਿਕ ਕੈਦੀਆਂ ਅਤੇ 106 ਭਾਰਤੀ ਮਛੇਰਿਆਂ ਨੂੰ ਤੁਰੰਤ ਰਿਹਾ ਕਰਨ ਲਈ ਕਿਹਾ ਗਿਆ, ਜਿਨ੍ਹਾਂ ਦੀ ਕੌਮੀਅਤ ਦੀ ਤਸਦੀਕ ਹੋ ਚੁੱਕੀ ਹੈ ਅਤੇ ਇਸ ਬਾਰੇ ਪਾਕਿਸਤਾਨ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। ਇਸ ਤੋਂ ਛੁੱਟ ਪਾਕਿਸਤਾਨ ਨੂੰ 18 ਮਛੇਰਿਆਂ ਅਤੇ 18 ਭਾਰਤੀ ਕੈਦੀ ਮੰਨੇ ਜਾਣ ਵਾਲੇ ਵਿਅਕਤੀਆਂ ਨੂੰ ਫੌਰੀ ਤੌਰ ਤੇ ਕੌਂਸੁਲਰ ਪਹੁੰਚ ਮੁਹੱਈਆ ਕਰਵਾਉਣ ਲਈ ਵੀ ਕਿਹਾ ਗਿਆ ਹੈ।

ਸਰਕਾਰ ਨੇ ਪਾਕਿਸਤਾਨ ਤੋਂ ਇਸ ਗੱਲ ਦੀ ਮੰਗ ਵੀ ਕੀਤੀ ਹੈ ਕਿ ਮਾਹਰ ਡਾਕਟਰੀ ਟੀਮ ਦੇ ਮੈਂਬਰਾਂ ਨੂੰ ਜਲਦੀ ਤੋਂ ਜਲਦੀ ਵੀਜ਼ੇ ਦਿੱਤੇ ਜਾਣ ਅਤੇ ਵੱਖ-ਵੱਖ ਪਾਕਿਸਤਾਨੀ ਜੇਲ੍ਹਾਂ ਵਿੱਚ ਬੰਦ ਭਾਰਤੀ ਕੈਦੀਆਂ ਦੀ ਮਾਨਸਿਕ ਹਾਲਤ ਦਾ ਜਾਇਜ਼ਾ ਲੈਣ ਲਈ ਉਨ੍ਹਾਂ ਨੂੰ ਦੇਸ਼ ਅੰਦਰ ਯਾਤਰਾ ਕਰਨ ਦੀ ਸਹੂਲਤ ਦਿੱਤੀ ਜਾਵੇ। ਭਾਰਤ ਸਰਕਾਰ ਨੇ ਪਾਕਿਸਤਾਨ ਤੋਂ

ਇਹ ਵੀ ਮੰਗ ਕੀਤੀ ਹੈ ਕਿ ਉਹ ਭਾਰਤੀ ਮਛੇਰਿਆਂ ਦੀਆਂ ਕਿਸ਼ਤੀਆਂ ਦੀ ਰਿਹਾਈ ਅਤੇ ਉਨ੍ਹਾਂ ਦੀ ਵਤਨ ਵਾਪਸੀ ਬਾਰੇ ਦੇਸ਼ ਦੀ ਸਾਂਝੀ ਨਿਆਂਇਕ ਕਮੇਟੀ ਦੀ ਚਾਰ ਮੈਂਬਰੀ ਟੀਮ ਦਾ ਕਰਾਚੀ ਦਾ ਦੌਰਾ ਜਲਦੀ ਕਰਵਾਇਆ ਜਾਵੇ।

ਭਾਰਤ ਦੋਹਾਂ ਦੇਸ਼ਾਂ ਵਿਚ ਕੈਦੀਆਂ ਅਤੇ ਮਛੇਰਿਆਂ ਨਾਲ ਜੁੜੇ ਮਸਲਿਆਂ ਸਮੇਤ ਸਾਰੇ ਮਨੁੱਖੀ ਮਾਮਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਭਾਰਤ ਨੇ ਪਾਕਿਸਤਾਨ ਨੂੰ ਮਛੇਰਿਆਂ ਸਮੇਤ 88 ਪਾਕਿਸਤਾਨੀ ਕੈਦੀਆਂ ਦੀ ਕੌਮੀਅਤ ਦੀ ਤਸਦੀਕ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਵਿੱਚ ਤੇਜ਼ੀ ਲਿਆਉਣ ਦੀ ਵੀ ਅਪੀਲ ਕੀਤੀ ਹੈ, ਜਿਨ੍ਹਾਂ ਦੀ ਵਤਨ ਵਾਪਸੀ ਪਾਕਿਸਤਾਨ ਵੱਲੋਂ ਕੌਮੀਅਤ ਦੀ ਤਸਦੀਕ ਨਾ ਹੋਣ ਕਰਕੇ ਲਟਕੀ ਹੋਈ ਹੈ।

ਨਵੀਂ ਦਿੱਲੀ

1 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.